BRAMPTON Flower City
brampton.ca

media release

12 ਅਪ੍ਰੈਲ, 2018

# ਸਿਟੀ ਸਭ ਤੋਂ ਪਹਿਲੇ *ਸਪੋਰਟਸ ਡੇ ਇਨ ਬ੍ਰੈਂਪਟਨ* ਦਾ ਆਯੋਜਨ ਕਰੇਗੀ

## *21 ਅਪ੍ਰੈਲ ਨੂੰ ਬਿਨਾਂ ਕਿਸੇ ਰਜਿਸਟਰੇਸ਼ਨ ਦੇ ਆਓ ਅਤੇ ਮੁਫ਼ਤ ਵਿੱਚ ਇੱਕ ਨਵੀਂ ਸਪੋਰਟ (ਖੇਡ) ਅਜ਼ਮਾਓ*

ਬ੍ਰੈਂਪਟਨ, ਓਨਟੈਰੀਓ – ਨਿਵਾਸੀਆਂ ਨੂੰ 21 ਅਪ੍ਰੈਲ ਨੂੰ ਉਹਨਾਂ ਦੇ ਭਾਈਚਾਰੇ ਵਿੱਚ ਖੇਡਾਂ ਬਾਰੇ ਜਾਣਨ ਲਈ ਸਿਟੀ ਦੇ ਸਭ ਤੋਂ ਪਹਿਲੇ *ਸਪੋਰਟਸ ਡੇ ਇਨ ਬ੍ਰੈਂਪਟਨ (ਬ੍ਰੈਂਪਟਨ ਵਿੱਚ ਖੇਡਾਂ ਦਾ ਦਿਨ) (Sports Day in Brampton)* ਵਿੱਚ ਸੱਦਾ ਦਿੱਤਾ ਜਾਂਦਾ ਹੈ।

ਬ੍ਰੈਂਪਟਨ ਸੌਕਰ ਸੈਂਟਰ (Brampton Soccer Centre) ਅਤੇ ਕੈਸੀ ਕੈਂਪਬੈਲ ਕਮਿਉਨਿਟੀ ਸੈਂਟਰ (Cassie Campbell Community Centre) ਵਿਖੇ ਸਵੇਰੇ 10 ਵਜੇ ਅਤੇ ਸ਼ਾਮ 4 ਵਜੇ ਦੇ ਵਿਚਕਾਰ ਮੁਫ਼ਤ ਡ੍ਰੌਪ-ਇਨਸ (ਬਿਨਾਂ ਸਮਾਂ ਲਏ ਜਾਂ ਬਿਨਾਂ ਰਜਿਸਟਰੇਸ਼ਨ ਦੇ) ਵਿੱਚ ਨਵੀਂ ਖੇਡ ਅਜ਼ਮਾਓ। ਮੁੱਖ ਸਪੋਰਟਸ (ਖੇਡਾਂ) ਵਿੱਚ ਸ਼ਾਮਲ ਹਨ, ਬੇਸਬਾਲ, ਲੈਕਰੋਸ, ਸੌਕਰ, ਟਰੈਕ, ਫੁੱਟਬਾਲ, ਮਾਰਸ਼ਲ ਆਰਟਸ, ਜਿਮਨਾਸਟਿਕਸ, ਵੀਲ੍ਹਚੇਅਰ ਬਾਸਕੇਟਬਾਲ, ਹਾਕੀ, ਤੈਰਾਕੀ ਆਦਿ।

ਪ੍ਰੋਗਰਾਮ ਸਿਟੀ ਵੱਲੋਂ ਅਤੇ ਇਸ ਨਾਲ ਸਬੰਧਿਤ ਨੌਜਵਾਨ ਸਪੋਰਟਸ (ਖੇਡਾਂ) ਸੰਗਠਨਾਂ, ਬ੍ਰੈਂਪਟਨ ਸਪੋਰਟ ਅਲਾਈਂਸ (ਖੇਡ ਗਠਜੋੜ), ਦੂਜੇ ਭਾਈਚਾਰਕ ਸਪੋਰਟ (ਖੇਡ) ਦੇ ਨਾਲ ਮੁਹੱਈਆ ਕੀਤਾ ਗਿਆ ਹੈ। ਪਰਿਵਾਰਾਂ ਨੂੰ ਸਾਡੇ ਸਥਾਨਕ ਨਾਬਾਲਗ ਸਪੋਰਟ (ਖੇਡ) ਸਮੂਹਾਂ ਨਾਲ ਜੁੜਨ, ਸ਼ਹਿਰ ਵਿੱਚ ਉਪਲਬਧ ਉਹਨਾਂ ਦੇ ਪ੍ਰੋਗਰਾਮਾਂ ਅਤੇ ਬਹੁਤ ਸਾਰੀਆਂ ਗਤੀਵਿਧੀਆਂ ਬਾਰੇ ਹੋਰ ਜਾਣਨ ਲਈ ਸੱਦਾ ਦਿੱਤਾ ਜਾਂਦਾ ਹੈ। ਇਨਾਮ ਜਿੱਤਣ ਦਾ ਮੌਕਾ ਪ੍ਰਾਪਤ ਕਰਨ ਲਈ ਕਾਰਜਕਰਮ ਪਾਸਪੋਰਟ (ਕੋਈ ਕਾਰਡ ਜਾਂ ਛੋਟੀ ਕਿਤਾਬੜੀ) ‘ਤੇ ਤਿੰਨ ਮੋਹਰਾਂ ਲਗਵਾਓ!

ਕਾਰਜਕਰਮਾਂ ਦੀ ਇੱਕ ਪੂਰੀ ਸਮਾਂ ਸੂਚੀ ਲਈ, www.brampton.ca ‘ਤੇ ਜਾਓ।

**ਮਜ਼ੇਦਾਰ ਤੱਥ:**

- ਬ੍ਰੈਂਪਟਨ ਵਿੱਚ ਹੈ: 233+ ਆਉਟਡੋਰ/ਇਨਡੋਰ ਸਪੋਰਟਸ (ਖੇਡ) ਫੀਲਡ, 36 ਰੇਕ੍ਰੀਏਸ਼ਨ (ਮਨਪਰਚਾਵਾ) ਫੈਸਿਲਿਟੀਜ, 18 ਆਈਸ ਪੈਡਸ, 13 ਸਵਿਮਿੰਗ ਪੂਲਸ, 7 ਫਿੱਟਨੈਸ ਸੈਂਟਰ, 4 ਆਉਟਡੋਰ ਸਕੇਟਿੰਗ ਰਿੰਕ, 1 9-ਹੋਲ ਪਬਲਿਕ ਗੋਲਫ ਕੋਰਸ, ਅਤੇ 1 ਸਕੀ ਹਿੱਲ
- ਸਿਟੀ ਦੇ ਮੁੱਖ ਤਿੰਨ ਰਜਿਸਟਰੇਸ਼ਨ ਹਨ: ਤੈਰਾਕੀ, ਕੈਂਪਸ ਅਤੇ ਸਕੇਟਿੰਗ
- ਸ਼ਹਿਰ ਵਿੱਚ 20,000 ਭਾਗੀਦਾਰਾਂ ਅਤੇ 80 ਬਾਲਗ ਭਾਈਚਾਰਕ ਸਮੂਹਾਂ ਦੇ ਨਾਲ 21 ਨੌਜਵਾਨ ਸਪੋਰਟਸ (ਖੇਡ) ਸਾਥੀ ਸਮੂਹ ਹਨ

**ਹਵਾਲਾ:**

“ਬ੍ਰੈਂਪਟਨ ਦਾ ਸਰਬੋਤਮ ਐਥਲੀਟਾਂ ਨੂੰ ਵਿਕਸਿਤ ਕਰਨ ਵਾਲਾ ਅਤੇ ਸਮਰਪਿਤ ਸਪੋਰਟਸ (ਖੇਡ) ਪ੍ਰਸ਼ੰਸਕਾਂ ਵਾਲਾ, ਇੱਕ ਸ਼ਾਨਦਾਰ ਸਪੋਰਟਸ (ਖੇਡ) ਇਤਿਹਾਸ ਹੈ। ਸਪੋਰਟਸ (ਖੇਡਾਂ) ਖੇਡਣਾ ਮਜ਼ੇ ਕਰਨ, ਦੋਸਤ ਬਣਾਉਣ, ਅਤੇ ਕਿਰਿਆਸ਼ੀਲ, ਸਿਹਤਮੰਦ ਜੀਵਨਸ਼ੈਲੀ ਕਾਇਮ ਰੱਖਣ ਦਾ ਇੱਕ ਵਧੀਆ ਤਰੀਕਾ ਹੈ। ਬ੍ਰੈਂਪਟਨ ਵਿੱਚ ਸਪੋਰਟਸ ਡੇ (ਖੇਡਾਂ ਦਾ ਦਿਨ) ਨੌਜਵਾਨਾਂ ਲਈ ਵੱਖ-ਵੱਖ ਵਿਕਲਪ ਖੋਜਣ ਅਤੇ ਉਹਨਾਂ ਦੀ ਮਨਪਸੰਦ ਖੇਡ ਲੱਭਣ ਵਿੱਚ ਮਦਦ ਦਾ ਇੱਕ ਵਧੀਆ ਮੌਕਾ ਹੈ।"

- *ਮੇਅਰ ਲਿੰਡਾ ਜੈਫਰੀ (Linda Jeffrey)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca